# ਕਿਸੇ ਪ੍ਰਾਜੈਕਟ ਉਤੇ ਸੀਡੀਐਮ (ਕਨਸਟ੍ਰੱਕਸ਼ਨ, ਡਿਜ਼ਾਈਨ ਐਂਡ ਮੈਨੇਜਮੈਂਟ ਰੈਗੂਲੇਸ਼ਨਜ) ਕਦੋਂ ਲਾਗੂ ਹੁੰਦੀਆਂ ਹਨ? (When does CDM (Construction, Design and Management Regulations) apply to a project?)

ਸੀਡੀ ਐਮ ਰੈਗੂਲੇਸ਼ਨਜ ਆਮਤੌਰ ਤੇ ਬਿਲਡਿੰਗ, ਸਿਵਿਲ ਇੰਜਨੀਅਰਿੰਗ ਅਤੇ ਇੰਜਨੀਅਰਿੰਗ ਉਸਾਰੀ ਦੇ ਕੰਮ (ਕਨਸਟ੍ਰੱਕਸ਼ਨ ਵਰਕ) ਉਤੇ ਲਾਗੂ ਹੁੰਦੀਆਂ ਹਨ। ਉਸਾਰੀ ਦੇ ਕੰਮ ਦੀ ਥਾਂ ਬਾਰੇ ਤੁਹਾਡੇ ਲਈ ਐਚਐਸਈ ਨੂੰ ਸੂਚਨਾ ਦੇਣੀ ਜ਼ਰੂਰੀ ਹੈ ਜੇ ਇਸ ਵਿਚ:

- 30 ਨਾਲੋਂ ਵੱਧ ਦਿਨਾਂ ਦਾ ਸਮਾਂ ਲੱਗਣਾ ਹੋਵੇ; ਜਾਂ
- ਕੁੱਲ ਕੰਮ ਇਤਨਾ ਹੋਵੇ ਕਿ ਇਕ ਆਦਮੀ ਨੂੰ ਕਰਨ ਵਾਸਤੇ 500 ਦਿਨ ਲੱਗਣੇ ਹੋਣ;

ਉਸਾਰੀ ਦਾ ਕੰਮ ਸ਼ੁਰੂ ਹੋਣ ਤੋਂ ਪਹਿਲਾਂ ਐਚਐਸਈ ਨੂੰ ਲਿਖਤੀ ਸੂਚਨਾ ਮਿਲਣੀ ਚਾਹੀਦੀ ਹੈ, ਇਸ ਵਾਸਤੇ ਐਫ 10 ਫਾਰਮ ਦੀ ਵਰਤੋਂ ਕੀਤੀ ਜਾ ਸਕਦੀ ਹੈ। ਇਹ ਸੂਚਨਾ ਕੰਮ ਕਰਨ ਵਾਲੀ ਜਗ੍ਹਾ ਦੇ ਨੇੜਲੇ ਐਚਐਸਈ ਦਫਤਰ ਵਿਚ ਭੇਜੀ ਜਾਣੀ ਚਾਹੀਦੀ ਹੈ।

- **ਫਾਰਮ ਐਫ** 10

ਜਿੱਥੇ ਹੈਲਥ ਐਂਡ ਸੇਫਟੀ ਲਾਗੂ ਕਰਵਾਉਣ ਵਾਸਤੇ ਲੋਕਲ ਅਥਾਰਟੀ ਜ਼ਿੰਮੇਵਾਰ ਹੋਵੇ ਉਥੇ ਉਸਾਰੀ ਦੇ ਕੰਮ ਉਤੇ ਸੀਡੀਐਮ ਰੈਗੂਲੇਸ਼ਨਜ ਲਾਗੂ ਨਹੀਂ ਹੁੰਦੀਆਂ। ਇਸਦਾ ਅਰਥ ਹੈ ਜਿੱਥੇ ਕੰਮ ਸੂਚਨਾ ਦੇਣ ਯੋਗ ਨਹੀਂ ਅਤੇ ਜਾਂ:

- ਕੰਮ ਦਫਤਰਾਂ, ਦੁਕਾਨਾਂ ਅਤੇ ਇਸ ਤਰਾਂ ਦੀਆਂ ਇਮਤਰਤਾਂ ਵਿਚ ਕਰਨਾ ਹੋਵੇ ਜਿੱਥੇ ਇਮਾਰਤ ਵਿਚਲੀਆਂ ਸਧਾਰਨ ਸਰਗਰਮੀਆਂ ਵਿਚ ਵਿਘਨ ਨਾ ਪਵੇ ਅਤੇ ਉਸਾਰੀ ਦੇ ਕੰਮ ਦੀਆਂ ਸਰਗਰਮੀਆਂ ਨੂੰ ਦੂਸਰੀਆਂ ਸਰਗਰਮੀਆਂ ਨਾਲੋਂ ਵੱਖ ਕਰਨ ਦੀ ਲੋੜ ਨਾ ਹੋਵੇ; ਜਾਂ
- ਪਾਈਪਾਂ, ਬਾਇਲਰਾਂ ਜਾਂ ਹੀਟਿੰਗ ਜਾਂ ਵਾਟਰ ਸਿਸਟਮਾਂ ਦੇ ਇੰਸੂਲੇਸ਼ਨ ਨੂੰ ਹਟਾਉਣ ਜਾਂ ਮੇਨਟਨੈਂਸ ਦਾ ਕੰਮ ਹੋਵੇ;

ਇਹ ਸੀਡੀਐਮ ਰੈਗੂਲੇਸ਼ਨਜ ਦੇ ਪਾਬੰਦ ਨਹੀਂ ਹਨ।

ਇਸ ਛੋਟ ਤੋਂ ਬਗੈਰ ਸੀਡੀਐਮ ਰੈਗੂਲੇਸ਼ਨਜ ਹਰ ਤਰਾਂ ਦੀ ਉਸਾਰੀ (ਢਾਹੁਣ ਅਤੇ ਉਧੇੜਨ ਸਮੇਤ) ਦੇ ਮਕਸਦ ਵਾਸਤੇ ਕੀਤੇ ਜਾਣ ਵਾਲੇ ਡਿਜ਼ਾਈਨ ਦੇ  ਕੰਮ ਉਤੇ ਲਾਗੂ ਹੁੰਦੀਆਂ ਹਨ।

ਜਿੱਥੋਂ ਤੱਕ ਠੇਕੇਦਾਰਾਂ ਦਾ ਸਬੰਧ ਹੈ ਸੀਡੀਐਮ ਰੈਗੂਲੇਸ਼ਨਜ ਢੁਹਾਈ ਅਤੇ ਉਧੇੜਨ ਦੇ ਸਾਰੇ ਕੰਮਾਂ ਉਤੇ ਲਾਗੂ ਹੁੰਦੀਆਂ ਹਨ। ਉਹ ਉਸਾਰੀ ਦੇ ਦੂਸਰੇ ਕੰਮਾਂ ਉਤੇ ਵੀ ਲਾਗੂ ਹੁੰਦੀਆਂ ਹਨ, ਹੇਠ ਲਿਖਿਆਂ ਤੋਂ ਛੁੱਟ:

- ਕੰਮ 30 ਦਿਨ ਜਾਂ ਇਸ ਨਾਲੋਂ ਘੱਟ ਸਮਾਂ ਚੱਲਣਾ ਹੋਵੇ ਅਤੇ ਕੰਮ ਕਰਨ ਦੀ ਥਾਂ ਤੇ ਕਿਸੇ ਵੀ ਸਮੇਂ ਪੰਜ ਨਾਲੋਂ ਘੱਟ ਵਿਅਕਤੀ ਜਮ੍ਹਾਂ ਹੋਣ; ਜਾਂ
- ਕੰਮ ਕਿਸੇ ਘਰੇਲੂ ਅਸਾਮੀ (ਉਹ ਵਿਅਕਤੀ ਜੋ ਕੰਮ ਕੀਤੇ ਜਾਣ ਵਾਲੀ ਇਮਾਰਤ ਵਿਚ ਰਹਿੰਦਾ ਹੋਵੇ ਜਾਂ ਰਹਿਣਾ ਹੋਵੇ)। ਇਸ ਹਾਲਤ ਵਿਚ ਐਚਐਸਈ ਨੂੰ ਸੂਚਨਾ ਦੇਣ ਵਾਸਤੇ ਸਿਰਫ ਡਿਜ਼ਾਈਨਰਾਂ ਵਾਲੀਆਂ ਜ਼ਿੰਮੇਵਾਰੀਆਂ ਹੀ ਲਾਗੂ ਹੁੰਦੀਆਂ ਹਨ। ਫਿਰ ਵੀ, ਘਰੇਲੂ ਅਸਾਮੀ ਟ੍ਰੇਡ, ਬਿਜਨੈਸ ਜਾਂ ਦੂਸਰੀਆਂ ਸਰਗਰਮੀਆਂ ਕਰਨ ਵਾਲੇ ਡਿਵੈਲਪਰ ਨਾਲ ਕੋਈ ਸੰਧੀ ਕਰ ਸਕਦੀ ਹੈ। ਮਿਸਾਲ ਦੇ ਤੌਰ ਤੇ ਪ੍ਰਾਜੈਕਟ ਮੁਕੰਮਲ ਹੋਣ ਤੋਂ ਪਹਿਲਾਂ ਡਿਵੈਲਪਰ ਘਰੇਲੂ ਇਮਾਰਤ ਨੂੰ ਵੇਚ ਸਕਦਾ ਹੈ। ਇਸਤਰਾਂ ਘਰੇਲੂ ਅਸਾਮੀ ਅਧੂਰੀ ਪ੍ਰਾਪਰਟੀ ਦੀ ਮਾਲਕ ਹੁੰਦੀ ਹੈ, ਪਰ ਫਿਰ ਵੀ ਡਿਵੈਲਪਰ ਉਸਾਰੀ ਦਾ ਕੰਮ ਮੁਕੰਮਲ ਕਰਨ ਦਾ ਪ੍ਰਬੰਧ ਕਰਦਾ ਹੈ। ਇਸ ਕੇਸ ਵਿਚ ਸੀਡੀਐਮ ਡਿਵੈਲਪਰ ਉਤੇ ਲਾਗੂ ਹੁੰਦੀਆਂ ਹਨ।

**ਹਵਾਲਾ:**

HSG150 - Health and Safety in Construction (ISBN 0717621065 - HSE Books) ਕੋਲੋਂ ਉਪਲੱਬਧ ਹੈ।